Surrey Schools
LEADERSHIP IN LEARNING

Tel: 604.596.7733
www.surreyschools.ca

# ਪਾਠਕ੍ਰਮ ਤੋਂ ਬਾਹਰਲੀਆਂ ਸਰਗਰਮੀਆਂ ਬਾਰੇ ਪਾਲਸੀ

(Extra-curricular activities)

## ਪਾਠਕ੍ਰਮ ਤੋਂ ਬਾਹਰਲੀਆਂ ਸਰਗਰਮੀਆਂ ਬਾਰੇ ਪਾਲਸੀ

ਸੰਨ 2000 ਵਿੱਚ ਸਰੀ ਸਕੂਲ ਦੇ ਟਰੱਸਟੀਆਂ ਨੇ ਪ੍ਰਬੰਧਕਾਂ ਨੂੰ ਸਕੂਲ ਦੀਆਂ ਕਲੱਬਾਂ ਬਾਰੇ ਪਾਲਸੀ ਅਤੇ ਨਿਯਮ ਬਣਾਉਣ ਲਈ ਨਿਰਦੇਸ਼ ਦਿੱਤੇ। *ਐਕਸਟਰਾ-ਕਰੀਕੁਲਰ ਐਕਟਿਵਟੀਜ਼* ਨਾਂ ਦੀ ਨਵੀਂ ਪਾਲਸੀ ਪਾਠਕ੍ਰਮ ਤੋਂ ਬਾਹਰਲੀਆਂ ਸਰਗਰਮੀਆਂ ਨੂੰ ਤਿਆਰ ਕਰਨ, ਲਾਗੂ ਕਰਨ ਅਤੇ ਉਨ੍ਹਾਂ ਦੀ ਨਿਗਰਾਨੀ ਕਰਨ ਲਈ ਸੇਧ ਦੇਣ ਲਈ ਤਿਆਰ ਕੀਤੀ ਗਈ ਹੈ।

ਬੋਰਡ ਪਾਠਕ੍ਰਮ ਤੋਂ ਬਾਹਰਲੀਆਂ ਸਰਗਰਮੀਆਂ ਵਿੱਚ ਵਿਦਿਆਰਥੀਆਂ ਦੀ ਸ਼ਮੂਲੀਅਤ ਨੂੰ ਸਕੂਲ ਦੇ ਵਿਦਿਅਕ ਪ੍ਰੋਗਰਾਮ ਦਾ ਕੀਮਤੀ ਹਿੱਸਾ ਸਮਝਦਾ ਹੈ। ਪਾਠਕ੍ਰਮ ਤੋਂ ਬਾਹਰਲੀਆਂ ਸਰਗਰਮੀਆਂ ਬਾਰੇ ਪਾਲਸੀ ਯਕੀਨੀ ਬਣਾਉਂਦੀ ਹੈ ਕਿ:

- ਪਾਠਕ੍ਰਮ ਤੋਂ ਬਾਹਰਲੀਆਂ ਸਰਗਰਮੀਆਂ ਲਈ ਮਨਜ਼ੂਰੀ ਦੇਣ ਦਾ ਅਮਲ ਮੌਜੂਦ ਹੋਵੇ;
- ਪਾਠਕ੍ਰਮ ਤੋਂ ਬਾਹਰਲੀਆਂ ਸਰਗਰਮੀਆਂ ਨੂੰ ਤਿਆਰ ਕਰਨ ਅਤੇ ਚਲਾਉਣ ਵਿੱਚ ਇਕਸੁਰਤਾ ਹੋਵੇ; ਅਤੇ
- ਪਾਠਕ੍ਰਮ ਤੋਂ ਬਾਹਰਲੀਆਂ ਸਰਗਰਮੀਆਂ ਵਿੱਚ ਸ਼ਾਮਲ ਵਿਦਿਆਰਥੀਆਂ ਦੀ ਸੁਰੱਖਿਆ ਅਤੇ ਭਲਾਈ ਵੱਲ ਧਿਆਨ ਦਿੱਤਾ ਜਾਵੇ।

ਬੋਰਡ ਦੀ ਪਾਲਸੀ ਇਹ ਵੀ ਯਕੀਨੀ ਬਣਾਉਂਦੀ ਹੈ ਕਿ ਸਕੂਲ ਵਲੋਂ ਦਿੱਤੇ ਜਾਂਦੇ ਪਾਠਕ੍ਰਮ ਤੋਂ ਬਾਹਰਲੇ ਪ੍ਰੋਗਰਾਮ ਬਾਰੇ ਮਾਪਿਆਂ ਅਤੇ ਗਾਰਡੀਅਨ ਨੂੰ ਜਾਣਕਾਰੀ ਦਿੱਤੀ ਜਾਵੇ ਅਤੇ ਆਪਣੇ ਬੱਚੇ ਵਲੋਂ ਪਾਠਕ੍ਰਮ ਤੋਂ ਬਾਹਰਲੀਆਂ ਸਰਗਰਮੀਆਂ ਵਿੱਚ ਭਾਗ ਲੈਣ ਬਾਰੇ ਫੈਸਲਾ ਕਰਨ ਵਿੱਚ ਮਾਪਿਆਂ ਦੀ ਭੂਮਿਕਾ ਹੋਵੇ।

## ਪਾਲਸੀ ਦਾ ਉਦੇਸ਼

ਪਾਲਸੀ # 9920 ਬਿਆਨ ਕਰਦੀ ਹੈ ਕਿ ਪਾਠਕ੍ਰਮ ਤੋਂ ਬਾਹਰਲੀਆਂ ਸਾਰੀਆਂ ਸਰਗਰਮੀਆਂ ਮਨਿਸਟਰੀ ਆਫ ਐਜੂਕੇਸ਼ਨ ਅਤੇ ਸਕੂਲ ਡਿਸਟ੍ਰਿਕਟ ਦੇ ਮਿਸ਼ਨ ਅਤੇ ਪਾਲਸੀ ਸਟੇਟਮੈਂਟਾਂ ਨਾਲ ਇਕਸੁਰ ਹੋਣੀਆਂ ਚਾਹੀਦੀਆਂ ਹਨ। ਇਹ ਇਸ ਨੂੰ ਵੀ ਯਕੀਨੀ ਬਣਾਉਂਦੀ ਹੈ ਕਿ ਪਾਠਕ੍ਰਮ ਤੋਂ ਬਾਹਰਲੀਆਂ ਸਰਗਰਮੀਆਂ ਇਸ ਢੰਗ ਨਾਲ ਕੀਤੀਆਂ ਜਾਣਗੀਆਂ ਕਿ ਉਹ ਕੈਨੇਡੀਅਨ ਚਾਰਟਰ ਆਫ ਰਾਈਟਸ ਐਂਡ ਫ੍ਰੀਡਮਜ਼, ਬੀ ਸੀ ਦੀ ਹਿਊਮਨ ਰਾਈਟਸ ਕੋਡ ਅਤੇ ਬੋਰਡ ਦੀਆਂ ਪਾਲਸੀਆਂ ਅਤੇ ਨਿਯਮਾਂ ਨਾਲ ਇਕਸੁਰ ਹੋਣ।

ਸਕੂਲਾਂ ਦੀਆਂ ਸਾਰੀਆਂ ਕਲੱਬਾਂ 'ਤੇ ਇਕ ਚਾਰਟਰ ਲਾਗੂ ਹੋਵੇਗਾ ਜਿਸ ਵਿੱਚ ਅੱਗੇ ਦਿੱਤੀਆਂ ਚੀਜ਼ਾਂ ਸ਼ਾਮਲ ਹੋਣਗੀਆਂ:

- ਕਲੱਬ ਦਾ ਨਾਂ
- ਸਟਾਫ ਸੁਪਰਵਾਈਜ਼ਰ ਦਾ ਨਾਂ
- ਉਦੇਸ਼ ਬਾਰੇ ਸਪਸ਼ਟ ਅਤੇ ਨਿਸ਼ਚਿਤ ਬਿਆਨ
- ਮੈਂਬਰਸ਼ਿੱਪ ਦੀਆਂ ਸ਼ਰਤਾਂ
- ਉਪਰੇਸ਼ਨ ਦਾ ਵੇਰਵਾ
- ਮੀਟਿੰਗਾਂ ਦੀ ਸਮਾਂ ਸੂਚੀ

ਹਰ ਇਕ ਪ੍ਰਵਾਨਤ ਕਲੱਬ ਦੇ ਚਾਰਟਰ ਦੀ ਕਾਪੀ ਮਾਪਿਆਂ ਨੂੰ ਬੇਨਤੀ ਕਰਨ 'ਤੇ ਮਿਲ ਸਕੇਗੀ।

ਖੇਡਾਂ ਅਤੇ ਐਥਲੈਟਿਕ ਸਰਗਰਮੀਆਂ ਸੰਬੰਧਤ ਜ਼ਿਲ੍ਹੇ ਜਾਂ ਸੂਬਾਈ ਐਥਲੈਟਿਕ ਸੰਸਥਾ ਦੇ ਇੰਤਜ਼ਾਮ ਹੇਠ ਹੋਣਗੀਆਂ। ਸਕੂਲ ਵਲੋਂ ਚਾਰਦੀਵਾਰੀ ਦੇ ਅੰਦਰ ਚਲਾਈਆਂ ਗਈਆਂ ਸਰਗਰਮੀਆਂ ਸਕੂਲ ਆਧਾਰਤ ਅਮਲਾਂ ਅਧੀਨ ਆਉਂਦੀਆਂ ਹਨ ਅਤੇ ਇਸ ਪਾਲਸੀ ਦੇ ਅਧੀਨ ਨਹੀਂ ਆਉਂਦੀਆਂ।

ਪਾਠਕ੍ਰਮ ਤੋਂ ਬਾਹਰਲੀਆਂ ਸਰਗਰਮੀਆਂ ਲਈ ਹਰ ਸਾਲ ਪ੍ਰਿੰਸੀਪਲ ਦੀ ਪ੍ਰਵਾਨਗੀ ਦੀ ਲੋੜ ਹੋਵੇਗੀ।

## ਜ਼ਿੰਮੇਵਾਰੀਆਂ

ਪਾਠਕ੍ਰਮ ਤੋਂ ਬਾਹਰਲੀ ਕਿਸੇ ਵੀ ਸਰਗਰਮੀ ਦੇ ਮਕਸਦ ਅਤੇ ਉਦੇਸ਼ ਨੂੰ ਮਾਨਤਾ ਦੇਣ ਲਈ ਅਤੇ ਇਹ ਯਕੀਨੀ ਬਣਾਉਣ ਲਈ ਸਕੂਲ ਦਾ ਪ੍ਰਿੰਸੀਪਲ ਜ਼ਿੰਮੇਵਾਰ ਹੈ ਕਿ ਉਹ ਸਰਗਰਮੀ ਵਿਦਿਆਰਥੀਆਂ ਦੀ ਉਮਰ, ਸਰੀਰਕ ਅਤੇ ਬੌਧਿਕ ਪਕਿਆਈ ਦੇ ਹਿਸਾਬ ਨਾਲ ਢੁਕਵੀਂ ਹੈ। ਸਟਾਫ ਸੁਪਰਵਾਈਜ਼ਰ ਦੀ ਢੁਕਵੀਂ ਸ਼ਮੂਲੀਅਤ ਨੂੰ ਯਕੀਨੀ ਬਣਾਉਣਾ ਵੀ ਪ੍ਰਿੰਸੀਪਲ ਦੀ ਜ਼ਿੰਮੇਵਾਰੀ ਹੈ।

ਸਟਾਫ ਸੁਪਰਵਾਈਜ਼ਰ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹੈ ਕਿ ਪਾਠਕ੍ਰਮ ਤੋਂ ਬਾਹਰਲੀ ਸਰਗਰਮੀ ਪਾਲਸੀ ਅਤੇ ਨਿਯਮਾਂ ਅਨੁਸਾਰ ਵਿਦਿਆਰਥੀ ਦੀ ਸੁਰੱਖਿਆ ਅਤੇ ਕੰਮਾਂ ਦਾ ਧਿਆਨ ਰੱਖਦੀ ਹੋਵੇ। ਸ਼ਾਮਲ ਹੋਣ ਵਾਲੇ ਵਿਦਿਆਰਥੀਆਂ ਨੂੰ ਪਾਲਸੀ ਅਤੇ ਨਿਯਮਾਂ ਵਿੱਚ ਬਿਆਨੀਆਂ ਸਾਰੀਆਂ ਕਾਰਵਾਈਆਂ ਅਤੇ ਸੇਧਾਂ ਬਾਰੇ ਦੱਸਿਆ ਜਾਵੇਗਾ।

ਪਾਠਕ੍ਰਮ ਤੋਂ ਬਾਹਰਲੀ ਸਰਗਰਮੀ ਵਿੱਚ ਮੈਂਬਰਸ਼ਿੱਪ ਦੇਣ ਸਮੇਂ ਲਾਗੂ ਕਾਨੂੰਨਾਂ ਅਤੇ ਬੋਰਡ ਦੀ ਪਾਲਸੀ ਅਤੇ ਨਿਯਮਾਂ ਅਨੁਸਾਰ ਕੋਈ ਵਿਤਕਰਾ ਨਹੀਂ ਕੀਤਾ ਜਾਵੇਗਾ। ਪਾਠਕ੍ਰਮ ਤੋਂ ਬਾਹਰਲੀਆਂ ਸਾਰੀਆਂ ਸਰਗਰਮੀਆਂ ਉਸ ਢੰਗ ਨਾਲ ਕੀਤੀਆਂ ਜਾਣਗੀਆਂ ਜਿਹੜਾ ਢੰਗ ਹਰ ਇਕ ਵਿਦਿਆਰਥੀ ਦੇ ਸਨਮਾਨ ਅਤੇ ਸਵੈ-ਮਾਣ ਨੂੰ ਬਰਕਰਾਰ ਰੱਖਦਾ ਹੋਵੇ ਜਾਂ ਉਸ ਵਿੱਚ ਵਾਧਾ ਕਰਦਾ ਹੋਵੇ।

## ਮਾਪਿਆਂ ਨੂੰ ਜਾਣਕਾਰੀ

ਸਕੂਲ ਵਲੋਂ ਦਿੱਤੀਆਂ ਜਾਂਦੀਆਂ ਪਾਠਕ੍ਰਮ ਤੋਂ ਬਾਹਰਲੀਆਂ ਸਾਰੀਆਂ ਸਰਗਰਮੀਆਂ ਬਾਰੇ ਜਾਣਕਾਰੀ ਮਾਪਿਆਂ ਅਤੇ ਗਾਰਡੀਅਨ ਨੂੰ ਡਾਕ ਰਾਹੀਂ ਭੇਜੀ ਜਾਵੇਗੀ। ਇਸ ਜਾਣਕਾਰੀ ਵਿੱਚ ਮੀਟਿੰਗਾਂ ਅਤੇ ਸਰਗਰਮੀਆਂ ਦੇ ਮਕਸਦ ਬਾਰੇ ਢੁਕਵਾਂ ਬਿਆਨ ਅਤੇ ਢੁਕਵੀਂ ਸਮਾਂ ਸੂਚੀ ਸ਼ਾਮਲ ਹੋਵੇਗੀ।

ਮਾਪਿਆਂ/ਗਾਰਡੀਅਨਾਂ ਤੋਂ ਮੰਗ ਕੀਤੀ ਜਾਵੇਗੀ ਕਿ ਜੇ ਉਹ ਬੱਚੇ ਨੂੰ ਪਾਠਕ੍ਰਮ ਤੋਂ ਬਾਹਰਲੀ ਕਿਸੇ ਵੀ ਸਰਗਰਮੀ ਤੋਂ ਬਾਹਰ ਰੱਖਣਾ ਚਾਹੁੰਦੇ ਹੋਣ ਤਾਂ ਉਹ ਇਸ ਬਾਰੇ ਲਿਖ ਕੇ ਦੱਸਣ। ਉਸ ਅਨੁਸਾਰ ਸਟਾਫ ਸੁਪਰਵਾਈਜ਼ਰਾਂ ਨੂੰ ਜਾਣਕਾਰੀ ਦਿੱਤੀ ਜਾਵੇਗੀ ਅਤੇ ਉਹ ਇਹ ਯਕੀਨੀ ਬਣਾਉਣਗੇ ਕਿ ਬੱਚੇ ਨੂੰ ਪਾਠਕ੍ਰਮ ਤੋਂ ਬਾਹਰਲੀ ਸਰਗਰਮੀ ਤੋਂ ਬਾਹਰ ਰੱਖਣ ਬਾਰੇ ਕੀਤੀ ਮਾਪਿਆਂ ਦੀ ਬੇਨਤੀ ਦਾ ਸਤਿਕਾਰ ਹੋਵੇ।

ਸਟਾਫ ਸੁਪਰਵਾਈਜ਼ਰ ਹਰ ਇਕ ਕਲੱਬ ਦੀ ਮੈਂਬਰਸ਼ਿੱਪ ਦੀ ਤਾਜ਼ੀ ਲਿਸਟ ਰੱਖਣਗੇ ਅਤੇ ਇਹ ਯਕੀਨੀ ਬਣਾਉਣਗੇ ਕਿ ਮਾਪਿਆਂ ਨੂੰ ਸਮਾਗਮਾਂ ਅਤੇ ਸਰਗਰਮੀਆਂ ਬਾਰੇ ਜਾਣਕਾਰੀ ਮਿਲਦੀ ਰਹੇ।

ਸਕੂਲ ਦੇ ਦਫਤਰ ਵਿੱਚ ਪਾਠਕ੍ਰਮ ਤੋਂ ਬਾਹਰਲੀਆਂ ਸਾਰੀਆ ਸਰਗਰਮੀਆਂ ਦੀ ਤਾਜ਼ਾ ਲਿਸਟ ਰੱਖੀ ਜਾਵੇਗੀ, ਅਤੇ ਇਸ ਵਿੱਚ ਕਲੱਬ ਦੇ ਚਾਰਟਰ ਦੀਆਂ ਕਾਪੀਆਂ ਜਾਂ ਖੇਡਾਂ ਅਤੇ ਐਥਲੈਟਿਕ ਦੀਆਂ ਸਰਗਰਮੀਆਂ ਨਾਲ ਸੰਬੰਧਤ ਅਸੂਲ ਅਤੇ ਨਿਯਮ ਸ਼ਾਮਲ ਹੋਣਗੇ।

*ਪਾਲਸੀ #9920, ਐਕਸਟਰਾ-ਕਰੀਕੁਲਰ ਐਕਟਿਵਟੀਜ਼, ਸਰੀ ਸਕੂਲ ਡਿਸਟ੍ਰਿਕਟ ਦੇ ਕਿਸੇ ਵੀ ਸਕੂਲ ਤੋਂ ਅਤੇ ਅੱਗੇ ਦਿੱਤੇ ਲਿੰਕ ਤੋਂ ਮਿਲ ਸਕਦੀ ਹੈ*
https://www.surreyschools.ca/departments/SECT/Policies Regulations/Pages/default.aspx